بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 24.08.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬੇ ਵਾਲੇ ਬਦਰੀ ਸਹਾਬਾ ਹਜ਼ਰਤ ਆਸਮ ਬਿਨ ਸਾਬਤ, ਹਜ਼ਰਤ ਸਹਲ ਬਿਨ ਹਨੀਫ਼ ਅੰਸਾਰੀ, ਹਜ਼ਰਤ ਜਬੱਾਰ ਬਿਨ ਸ.ਖ਼ਰ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਦੀਆਂ ਇਮਾਨ ਵਧਾਉਣ ਵਾਲੀਆਂ ਗਲੱਾਂ ਦਾ ਦਿਲ ਖਿਚੱਵਾਂ ਤੇ ਮਨਮੋਹਕ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 24 ਅਗਸਤ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ, ਮਾਡਰਨ (ਲੰਡਨ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਆਸਮ ਬਿਨ ਸਾਬਤ ਹਜ਼ਰਤ ਮੁਹਮੱਦ ਸਲੱਲਹੁ ਅਲੈਹਿ ਵਸਲੱਮ ਦੇ ਸਹਾਬੀ ਸਨ । ਇਹਨਾ ਦੇ ਪਿਤਾ ਸਨ ਸਾਬਤ ਬਿਨ ਕੈਸ ਅਤੇ ਇਹਨਾਂ ਦੀ ਮਾਤਾ ਦਾ ਨਾਂ ਸ਼ਮੂਸ ਬਿੰਤ ਆਮਰ ਸੀ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਇਹਨਾ ਵਿੱਚ ਅਤੇ ਹਜ਼ਰਤ ਹਜਸ਼ ਵਿੱਚਕਾਰ ਭਾਈਬੰਦੀ ਕਰਾਈ ਸੀ । ਉਹਦ ਦੀ ਜੰਗ ਸਮੇਂ ਜੱਦ ਕਫ਼ੱਾਰ ਦੇ ਅਚਾਨਕ ਕਰੜੇ ਹਮਲੇ ਕਰਕੇ ਮੁਸਲਮਾਨਾਂ ਵਿੱਚ ਭਗਦੜ ਮਚੀ ਤਾਂ ਹਜ਼ਰਤ ਆਸਮ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨਾਲ ਦ੍ਰਿੜ੍ਹਪੈਰੀਂ ਡਟੇ ਰਹੇ ਇਹਨਾਂ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਤੋਂ ਮੌਤ ਉਪੱਰ ਬੈਅਤ ਕੀਤੀ ਸੀ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਨਿਰਧਾਰਤ ਤੀਰ ਅੰਦਾਜ਼ਾਂ ਵਿੱਚੋਂ ਸਨ । ਇਹਨਾ ਦਾ ਸੰਬੰਧ ਕਬੀਲਾ ਔਸ ਨਾਲ ਸੀ ਬਦਰ ਦੀ ਜੰਗ ਵਿੱਚ ਵੀ ਸ਼ਾਮਲ ਸਨ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਬਦਰ ਵਾਲੇ ਦਿਨ ਸਹਾਬਾ ਨੂੰ ਪੁੱਛਿਆ ਕਿ ਤੁਸੀਂ ਦੁਸ਼ਮਣ ਦੇ ਟਾਕਰੇ'ਤੇ ਆਓਗੇ ਤਾਂ ਕਿਵੇਂ ਲੜੋਗੇ ? ਹਜ਼ਰਤ ਆਸਮ ਨੇ ਅਰਜ਼ ਕੀਤੀ, ਹੇ ਰਸੂਲੁਲੱਾਹ ! ਜੱਦ ਕੋਈ ਕੌਮ ਐਨ੍ਹੇ ਨੇੜੇ ਆਜਾਏਗੀ ਕਿ ਉਹਨਾਂ ਦੇ ਤੀਰ ਪਹੁੰਚ ਸਕਣ ਤਾਂ ਉਹਨਾਂ'ਤੇ ਤੀਰ ਵਰਸਾਏ ਜਾਣਗੇ ਫਿਰ ਜੱਦ ਸਾਡੇ ਹੋਰ ਨੇੜੇ ਆ ਜਾਣ ਕਿ ਉਹਨਾਂ ਦੇ ਪਥੱਰ ਪਹੁੰਚ ਸਕਣ ਤਾਂ ਉਹਨਾਂ'ਤੇ ਪਥੱਰ ਸੁੱਟੇ ਜਾਣਗੇ, ਫਿਰ ਜੱਦ ਉਹ ਸਾਡੇ ਐਨ੍ਹੇ ਨੇੜੇ ਆ ਜਾਣ ਕਿ ਸਾਡੇ ਨੇਜ਼ੇ ਉਹਨਾਂ ਤੱਕ ਪਹੁੰਚ ਸਕਣ ਤਾਂ ਉਹਨਾਂ ਨਾਲ ਨੇਜ਼ਾਬਾਜ਼ੀ ਕੀਤੀ ਜਾਏਗੀ, ਫਿਰ ਜੱਦ ਨੇਜ਼ੇ

ਵੀ ਟੁੱਟ ਜਾਣਗੇ ਤਾਂ ਉਹਨਾਂ ਨੂੰ ਤਲਵਾਰਾਂ ਰਾਹੀਂ ਕਤਲ ਕੀਤਾ ਜਾਏਗਾ । ਇਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਇਸੇ ਪ੍ਰਕਾਰ ਜੰਗ ਲੜੀ ਜਾਂਦੀ ਹੈ ਅਤੇ ਫਿਰ ਆਪ ਨੇ ਫ਼ਰਮਾਇਆ ਕਿ ਜੋ ਕੋਈ ਜੰਗ ਕਰੇ ਤਾਂ ਆਸਮ ਦੇ ਦੱਸੇ ਹੋਏ ਤਰੀਕੇ ਅਨੁਸਾਰ ਜੰਗ ਕਰੇ ।

ਇਕ ਰਿਵਾਇਤ ਵਿੱਚ ਆਉਂਦਾ ਹੈ ਕਿ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਉਹਦ ਵਾਲੇ ਦਿਨ ਆਪਣੀ ਤਲਵਾਰ ਨਾਲ ਪਾਵਸ ਪਰਤ ਆਏ ਜੋ ਕਿ ਲੜਾਈ ਕਰਕੇ ਮੁੜ ਚੁਕੀ ਸੀ । ਹਜ਼ਰਤ ਅਲੀ ਨੇ ਹਜ਼ਰਤ ਫ਼ਾਤਿਮਾ ਨੂੰ ਕਿਹਾ ਕਿ ਇਸ ਪ੍ਰਸ਼ੰਸਾਯੋਗ ਤਲਵਾਰ ਨੂੰ ਰੱਖੋ ਇਹ ਰਣਖੇਤਰ ਵਿੱਚ ਬਹੁਤ ਕੰਮ ਆਈ ਹੈ, ਇਸ'ਤੇ ਹਜ਼ਰਤ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਜੇਕਰ ਤੁਸੀਂ ਅੱਜ ਕਮਾਲ ਦੀ ਤਲਵਾਰ ਚਲਾਈ ਹੈ ਤਾਂ ਸਹਲ ਬਿਨ ਹਨੀਫ਼ ਅਤੇ ਅਬੂ ਨਜਾਨਾ, ਆਸਮ ਬਿਨ ਸਾਬਤ ਅਤੇ ਹਾਰਸ ਬਿਨ ਸਮਾ ਨੇ ਵੀ ਤਲਵਾਰ ਚਲਾਉਣ ਵਿੱਚ ਕਮਾਲ ਦਿਖਾਇਆ ਹੈ ।

ਸਫ਼ਰ ਮਹੀਨੇ 4 ਹਿਜਰੀ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਅਜ਼ਲ ਤੇ ਕਾਰਾ ਦੇ ਕੁਝ ਲੋਕ ਹਾਜ਼ਰ ਹੋਏ ਅਤੇ ਅਰਜ਼ ਕੀਤੀ ਕਿ ਸਾਡੇ ਕਬੀਲਿਆਂ ਵਿੱਚ ਬਹੁਤ ਸਾਰੇ ਲੋਕ ਇਸਲਾਮ ਵੱਲ ਮਾਇਲ ਹਨ ਆਪ ਸਲਲੱਾਹੁ ਅਲੈਹਿ ਵਸਲਮ ਕੁਝ ਵਿਅਕਤੀ ਸਾਡੇ ਨਾਲ ਭੇਜਣ ਜੋ ਸਾਨੂੰ ਮੁਸਲਮਾਨ ਬਨਾਉਣ ਅਤੇ ਇਸਲਾਮ ਦੀ ਸਿੱਖਿਆ ਦੇਣ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਦੱਸ ਸਹਾਬਾ ਦੇ ਇਕ ਜੱਥੇ ਨੂੰ ਆਸਮ ਬਿਨ ਸਾਬਤ ਦੀ ਪ੍ਰਧਾਨਗੀ ਵਿੱਚ ਉਹਨਾਂ ਨਾਲ ਭੇਜ ਦਿਤੱਾ, ਪਰੰਤੂ ਵਾਸਤਵ ਵਿੱਚ ਇਹ ਲੋਕ ਝੂਠੇ ਸਨ ਅਤੇ ਬਨੂ ਲਹਯਾਨ ਦੀ ਚੁਕੱਣੀ'ਤੇ ਮਦੀਨੇ ਆਏ ਸਨ ਜਿੰਨ੍ਹਾ ਨੇ ਆਪਣੇ ਰਈਸ ਸੁਫ਼ਯਾਨ ਬਿਨ ਖ਼ਾਲਦ ਦੇ ਕਤਲ ਦਾ ਬਦਲਾ ਲੈਂਣ ਲਈ ਚਾਲ ਚਲੀ ਸੀ ਕਿ ਇਸ ਬਹਾਨੇ ਮੁਸਲਮਾਨ ਮਦੀਨੇ'ਚੋਂ ਬਾਹਰ ਨਿਕਲਣਗੇ ਤਾਂ ਇਹਨਾਂ'ਤੇ ਹਮਲਾ ਕਰ ਦਿਤੱਾ ਜਾਏ ਅਤੇ ਬਨੂ ਲਹਯਾਨ ਨੇ ਇਸ ਸੇਵਾ ਦੇ ਵਟਾਂਦਰੇ ਦੇ ਰੂਪ ਵਿੱਚ ਅਜ਼ਲ ਤੇ ਕਾਰਾ ਦੇ ਲੋਕਾਂ ਲਈ ਬਹੁਤ ਸਾਰੇ ਊਠ ਇਨਾਮ ਵੱਜੋਂ ਨਿਰਧਾਰਤ ਕੀਤੇ ਸਨ । ਜੱਦ ਅਜ਼ਲ ਤੇ ਕਾਰਾ ਦੇ ਇਹ ਗ਼ਦੱਾਰ ਲੋਕ ਅਸਫ਼ਾਨ ਅਤੇ ਮੱਕੇ ਵਿਚਕਾਰ ਪਹੁੰਚੇ ਤਾਂ ਉਹਨਾਂ ਦੇ ਬਨੂ ਲਹਯਾਨ ਨੂੰ ਗੁਪਤ ਰੂਪ ਵਿੱਚ ਸੂਚਨਾ ਭਿਜਵਾਈ ਕਿ ਮੁਸਲਮਾਨ ਸਾਡੇ ਨਾਲ ਆ ਰਹੇ ਹਨ, ਤੁਸੀਂ ਆ ਜਾਓ ਇਹਨਾਂ ਨੂੰ ਮਾਰ ਮੁਕਾਉਣ ਲਈ, ਜਿਸ'ਤੇ ਕਬੀਲਾ ਬਨੂ ਲਹਯਾਨ ਦੇ ਦੋ ਸੌ ਨੌਜੁਆਨ ਜਿੰਨ੍ਹਾ ਵਿੱਚ ਇਕ ਸੌ ਤੀਰਅੰਦਾਜ਼ ਸਨ ਮੁਸਲਮਾਨਾ ਦਾ ਪਿਛੱਾ ਕਰਨ ਲਈ ਨਿਕਲ ਖੜੇ ਹੋਏ ਅਤੇ ਰਜੀਅ ਦੇ ਸਥਾਨ ਉਪੱਰ ਉਹਨਾਂ ਆਣ ਪਕੜਿਆ । ਆਸਮ ਅਤੇ ਉਸ ਦੇ ਸਾਥੀਆਂ ਨੇ ਮੁਕਾਬਲਾ ਕੀਤਾ ਅੰਤ ਲੜਦੇ ਲੜਦੇ ਸ਼ਹੀਦ ਹੋਏ । ਕੁਰੈਸ਼ ਨੂੰ ਜੱਦ ਆਸਮ ਦੀ ਸ਼ਹਾਦਤ ਦਾ ਪਤਾ ਲਗੱਾ ਤਾਂ ਉਹਨਾਂ ਨੇ ਰਜੀਅ ਵੱਲ ਵਿਸ਼ੇਸ਼ ਵਿਅਕਤੀ ਰਵਾਨਾ ਕੀਤੇ ਅਤੇ ਉਹਨਾਂ ਨੂੰ ਤਕੀਦ ਕੀਤੀ ਕਿ ਆਸਮ ਦਾ ਸਿਰ ਜਾਂ ਸ਼ਰੀਰ ਦਾ ਕੋਈ ਅੰਗ ਕੱਟ ਕੇ ਆਪਣੇ ਨਾਲ ਲਿਆਉਣ ਤਾਂ ਜੋ ਉਹਨਾਂ ਨੂੰ ਤਸੱਲੀ ਹੋਵੇ ਅਤੇ ਉਹਨਾਂ ਦੇ ਬਦਲੇ ਦੀ ਭਾਵਨਾ ਨੂੰ ਸ਼ਾਂਤੀ ਮਿਲੇ ਕਿਉਂਕਿ ਆਸਮ ਨੇ ਬਦਰ ਵਿੱਚ ਕੁਰੈਸ਼ ਦੇ ਇਕ ਵੱਡੇ ਰਈਸ ਨੂੰ ਕਤਲ ਕੀਤਾ ਸੀ । ਪਰ ਸ਼ਹਿਦ ਦੀਆਂ ਮੱਖੀਆਂ ਤੇ ਭੂੰਡਾਂ ਨੇ ਆਪ ਦੀ ਲੋਥ ਦੀ ਰੱਖਿਆ ਕੀਤੀ ਅਤੇ ਉਹ ਆਪਣੇ ਭੈੜੇ ਇਰਾਦਿਆਂ ਵਿੱਚ ਸਫ਼ਲ ਨਹੀਂ ਹੋ ਸਕੇ ।

ਇਕ ਹੋਰ ਰਿਵਾਇਤ ਵਿੱਚ ਆਉਂਦਾ ਹੈ ਕਿ ਹਜ਼ਰਤ ਆਸਮ ਦੁਸ਼ਮਣਾ ਨਾਲ ਮੁਕਾਲੇ ਵਿੱਚ ਤੀਰ ਵਰ੍ਹਸਾਉਂਦੇ ਜਾਂਦੇ ਅਤੇ ਨਾਲ ਇਹ ਸ਼ੇਅਰ ਪੜ੍ਹਦੇ ਜਾਂਦੇ ਸਨ, ਜਿਸ ਦਾ ਅਰਥ ਇਹ ਹੈ ਕਿ ਮੌਤ ਅਟਲ ਸਚੱਾਈ ਹੈ ਅਤੇ ਜੀਵਨ

ਬੇਕਾਰ ਹੈ ਅਤੇ ਰੱਬ ਕਿਸੇ ਮਨੁੱਖ ਬਾਰੇ ਜੋ ਫ਼ੈਸਲਾ ਕਰੇ ਉਹੋ ਹੋਣ ਵਾਲਾ ਹੈ ਅਤੇ ਉਸ ਮਨੁੱਖ ਨੂੰ ਵੀ ਇਸ ਫ਼ੈਸਲੇ ਨੂੰ ਸਵੀਕਾਰ ਕਰਨਾ ਹੋਵੇਗਾ । ਜੱਦ ਹਜ਼ਰਤ ਆਸਮ ਦੇ ਤੀਰ ਖ਼ਤਮ ਹੋ ਗਏ ਤਾਂ ਉਹ ਨੇਜ਼ੇ ਨਾਲ ਲੜਨ ਲੱਗੇ, ਜੱਦ ਨੇਜ਼ਾ ਵੀ ਟੁੱਟ ਗਿਆ ਤਾਂ ਤਲਵਾਰ ਕੱਢ ਲਈ ਅਤੇ ਲੜਦਿਆਂ ਲੜਦਿਆਂ ਜਾਨ ਦੇ ਦਿੱਤੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਦੂਸਰੇ ਸਹਾਬੀ ਜਿੰਨ੍ਹਾ ਦਾ ਵਰਨਣ ਕਰਾਂਗਾ ਉਹ ਹਜ਼ਰਤ ਸਹਲ ਬਿਨ ਹਨੀਫ਼ ਅੰਸਾਰੀ ਹਨ । ਹਨੀਫ਼ ਇਹਨਾਂ ਦੇ ਪਿਤਾ ਸਨ ਮਾਤਾ ਦਾ ਨਾਂ ਹਿੰਦ ਬਿੰਤ ਰਾਫ਼ਿਅ ਸੀ ਮਾਤਾ ਵੱਲੋਂ ਆਪ ਦੇ ਦੋ ਭਾਈ ਸਨ, ਅਬਦੁਲੱਾਹ ਅਤੇ ਨੁਅਮਾਨ ਅਤੇ ਇਹਨਾਂ ਦੀ ਸੰਤਾਨ ਵਿੱਚ ਪੁਤੱਰ ਅਸਦ, ਉਸਮਾਨ ਅਤੇ ਸਾਅਦ ਸਨ । ਹਜ਼ਰਤ ਸਹਲ ਦੀ ਸੰਤਾਨ ਮਦੀਨੇ ਅਤੇ ਬਗ਼ਦਾਦ ਵਿੱਚ ਵਸਦੀ ਰਹੀ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਆਪਦੇ ਅਤੇ ਹਜ਼ਰਤ ਅਲੀ ਵਿਚਕਾਰ ਭਾਈਬੰਦੀ ਕਰਾਈ । ਇਹਨਾਂ ਨੇ ਬਦਰ ਦੀ ਜੰਗ ਸਮੇਤ ਸਾਰੀਆਂ ਜੰਗਾ ਵਿੱਚ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਭਾਗ ਲਿਆ । ਹਜ਼ਰਤ ਸਹਲ ਬਿਨ ਹਨੀਫ਼ ਮਹਾਨ ਮਰਤਬੇ ਵਾਲੇ ਸਹਾਬੀ ਸਨ, ਪਰ ਆਪਦੀ ਆਰਥਕ ਅਵਸਥਾ ਮਜ਼ਬੂਤ ਨਹੀਂ ਸੀ । ਇਬਨੇ ਐਏਨਾ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵੋਸਲਮ ਨੇ ਬਨੂ ਨਜ਼ੀਰ ਦੇ ਧੰਨ ਵਿੱਚੋਂ ਹਜ਼ਰਤ ਸਹਲ ਬਿਨ ਹਨੀਫ਼ ਅਤੇ ਹਜ਼ਰਤ ਦਜਾਨਾਹ ਤੋਂ ਬਿਨਾ ਅੰਸਾਰ ਵਿੱਚੋਂ ਕਿਸੇ ਹੋਰ ਨੂੰ ਹਿਸੱਾ ਨਹੀਂ ਦਿਤੱਾ ਕਿਉਂਕਿ ਇਹ ਦੋਵੇਂ ਤੰਗਦਸਤ ਸਨ ।

ਹਜ਼ਰਤ ਸਹਲ ਬਿਨ ਹਨੀਫ਼ ਇਕ ਮਹਾਨ ਮਰਤਬੇ ਦੇ ਸਹਾਬਾ ਵਿੱਚੋਂ ਸਨ ਜਿੰਨ੍ਹਾ ਨੇ ਉਹਦ ਦੇ ਦਿਨ ਦ੍ਰਿੜ੍ਹਤਾ ਦਿਖਾਈ, ਇਸ ਦਿਨ ਉਹਨਾਂ ਨੇ ਮੌਤ'ਤੇ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੀ ਬੈਅਤ ਕੀਤੀ । ਆਪ ਰਜ਼ੀ ਅਲੱਾਹ ਅਨਹੁ ਉਸ ਸਮੇਂ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੇ ਅੱਗੇ ਢਾਲ ਬਣਕੇ ਡਟੇ ਰਹੇ, ਜੱਦ ਦੁਸ਼ਮਣਾ ਦੇ ਕਰੜੇ ਹਮਲੇ ਕਰਕੇ ਮੁਸਲਮਾਨ ਖਿੰਡ ਪੁੰਡ ਗਏ ਸਨ ਅਤੇ ਦੁਸ਼ਮਣਾ ਨੇ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਉਪੱਰ ਤੀਰ ਚਲਾਏ । ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ (بلواسهلافانهسهل) ਕਿ ਸਹਲ ਨੂੰ ਤੀਰ ਫੜਾਓ ਕਿਉਂਕਿ ਤੀਰ ਚਲਾਉਣਾ ਉਸ ਲਈ ਸਹਲ (ਸੌਖਾ) ਹੈ । ਬਨੂ ਨਜ਼ੀਰ ਘੇਰਾਓ ਦੇ ਦਿਨਾਂ ਵਿੱਚ ਗ਼ਜ਼ੂਲ ਜੋ ਇਕ ਮਾਹਰ ਨੇਜ਼ਾਬਾਜ਼ ਯਹੂਦੀ ਸੀ । ਇਕ ਜੱਥੇ ਨੂੰ ਲੈਕੇ ਮੁਸਲਮਾਨਾਂ ਦੇ ਕਤਲ ਦੇ ਇਰਾਦੇ ਨਾਲ ਨਿਕਲਿਆ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਨੇ ਮੌਕਾ ਦੇਖਕੇ ਗ਼ਜ਼ੂਲ ਨੂੰ ਕਤਲ ਕਰ ਦਿਤੱਾ । ਉਸ ਦੇ ਨਾਲ ਜੋ ਲੋਕ ਸਨ ਉਹ ਭੱਜ ਗਏ । ਉਹਨਾਂ ਲੋਕਾਂ ਦੇ ਸਿਰ ਕੁਚਲਣ ਲਈ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਲੀ ਦੀ ਅਗਵਾਈ ਵਿੱਚ ਦੱਸ ਵਿਅਕਤੀਆਂ ਦੇ ਜੱਥੇ ਨੂੰ ਰਵਾਨਾ ਕੀਤਾ ਜਿੰਨ੍ਹਾ ਨੇ ਇਹਨਾਂ ਲੋਕਾਂ ਦਾ ਪਿਛੱਾ ਕਰਕੇ ਇਹਨਾ ਨੂੰ ਮਾਰ ਮੁਕਾਇਆ, ਇਹ ਇਸ ਲਈ ਕਿ ਉਹ ਜੰਗ ਲਈ ਲੁਕੱਕੇ ਹਮਲਾ ਕਰਕੇ ਕਤਲ ਕਰਨ ਲਈ ਨਿਕਲੇ ਸਨ । ਇਸ ਜੱਥੇ ਵਿੱਚ ਜੋ ਹਜ਼ਰਤ ਅਲੀ ਦੇ ਨਾਲ ਗਏ ਸੀ ਉਹਨਾਂ ਵਿੱਚ ਹਜ਼ਰਤ ਅਬੂ ਦਜਾਨਾ ਅਤੇ ਹਜ਼ਰਤ ਸਹਲ ਬਿਨ ਹਨੀਫ਼ ਵੀ ਸ਼ਾਮਲ ਸਨ । ਖ਼ੈਬਰ ਦੀ ਫ਼ਤਿਹ ਦੇ ਬਾਦ ਜੱਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦਾ ਲਸ਼ਕਰ ਕੁਰਾਅ ਦੀ ਵਾਦੀ ਵਿੱਚ ਉਤਰਿਆ ਤਾਂ ਯਹੂਦੀ ਪਹਿਲਾਂ ਤੋਂ ਹੀ ਜੰਗ ਲਈ ਤਿਆਰ ਸਨ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲ ਨੇ ਝੱਟ ਪੰਕਤੀਆਂ ਬਨਾਉਣ ਦਾ ਆਦੇਸ਼ ਦਿਤੱਾ । ਝੰਡਾ ਹਜ਼ਰਤ ਸਾਅਦ ਬਿਨ ਇਬਾਦਾਹ ਨੂੰ ਫੜਾਇਆ ਅਤੇ ਹੋਰ ਝੰਡਿਆਂ ਵਿੱਚ ਇਕ ਹਜ਼ਰਤ ਖ਼ਬਾਬ ਬਿਨ ਮੰਜ਼ਰ ਅਤੇ ਦੂਸਰਾ ਹਜ਼ਰਤ ਸਹਲ ਬਿਨ ਹਨੀਫ਼ ਰਜ਼ੀ ਅਲੱਾਹ ਅਨਹੁ ਨੂੰ ਸੋਂਪਿਆ । ਇਸ ਲੜਾਈ ਦੇ ਸਿੱਟੇ ਵਿੱਚ ਇਹ ਸਾਰਾ ਖੇਤਰ ਮੁਸਲਮਾਨਾ ਦੇ ਕਬਜ਼ੇ ਵਿੱਚ ਆ ਗਿਆ ।

ਹਜ਼ਰਤ ਸਹਲ ਬਿਨ ਹਨੀਫ਼ ਤੋਂ ਰਿਵਾਇਤ ਹੈ ਕਿ ਰਸੂਲੁਲੱਾਲਹ ਸਲਲੱਾਹੁ ਅਲੈਹਿ ਵਸਲਮ ਨੇ ਮੈਂਨੂੰ ਸੰਬੋਧਨ ਕਰਕੇ ਫ਼ਰਮਾਇਆ ਕਿ ਤੁਸੀਂ ਮੱਕੇ ਵੱਲ ਮੇਰੇ ਸੰਦੇਸ਼ਵਾਹਕ ਹੋ, ਸੋ, ਜਾਕੇ ਉਹਨਾਂ ਨੂੰ ਮੇਰਾ ਸਲਾਮ ਪਹੁੰਚਾਉਂਣਾ ਅਤੇ ਉਹਨਾਂ ਨੂੰ ਆਖਣਾ ਕਿ ਕਿ ਰਸੂਲਲੱਾਹ ਸਲਲਾਹੁ ਅਲੈਹਿ ਵਸਲਮ ਤੁਹਾਨੂੰ ਤਿੰਨ ਗਲੱਾਂ ਦਾ ਆਦੇਸ਼ ਦਿੰਦੇ ਹਨ । ਆਪਣੇ ਬਾਪ ਦਾਦਾ ਦੀਆਂ ਕਸਮਾਂ (ਸਹੁੰਆ) ਨ ਖਾਓ । ਜੱਦ ਤੁਸੀਂ ਪਖ਼ਾਨੇ ਲਈ ਜਾਓ ਤਾਂ ਆਪਣਾ ਮੂੰਹ ਤੇ ਪਿੱਠ ਕਿਬਲੇ ਵੱਲ ਕਰਕੇ ਨ ਬੈਂਠੋ ਸਗੋਂ ਉਤੱਰ ਪਛੱਮ ਵੱਲ ਬਹਿਣਾ ਚਾਹੀਦਾ ਹੈ । ਇਸੇ ਪ੍ਰਕਾਰ ਤੀਜੀ ਨਸੀਹਤ ਇਹ ਫ਼ਰਮਾਈ ਕਿ ਹੱਡੀ ਤੇ ਗੋਬਰ (ਗੋਹੇ) ਨਾਲ ਇਸਤੰਜਾ (ਸਾਫ਼ ਸਫ਼ਾਈ) ਨ ਕਰੋ ।

ਜੱਦ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੀ ਬੈਅਤ ਕੀਤੀ ਗਈ ਤੱਦ ਹਜ਼ਰਤ ਸਹਲ ਉਹਨਾਂ ਨਾਲ ਸਨ । ਜੱਦ ਹਜ਼ਰਤ ਅਲੀ ਬਸਰਾ ਲਈ ਰਵਾਨਾ ਹੋਏ ਤਾਂ ਹਜ਼ਰਤ ਸਹਲ ਨੂੰ ਆਪਣਾ ਉਤਰਾਰਧਿਕਾਰੀ ਨਿਯੁਕਤ ਕੀਤਾ । ਆਪ ਹਜ਼ਰਤ ਅਅਲੀ ਦੇ ਨਾਲ ਜੰਗੇ ਸਫ਼ੇਨ ਵਿੱਚ ਸ਼ਾਮਲ ਹੋਏ । ਹਜ਼ਰਤ ਅਲੀ ਨੇ ਆਪ ਨੂੰ ਬਲਾਦ ਫ਼ਾਰਸ ਦਾ ਵਾਲੀ ਨਿਯੁਕਤ ਕੀਤਾ । ਹਜ਼ਰਤ ਸਹਲ ਬਿਨ ਹਨੀਫ਼ ਦੀ ਵਫ਼ਾਤ ਸਪੇਨ ਦੀ ਜੰਗ ਤੋਂ ਵਾਪਸੀ ਸਮੇਂ ਕੂਫ਼ਾ ਵਿੱਚ 38 ਹਿਜਰੀ ਵਿੱਚ ਹੋਈ । ਆਪ ਦੀ ਨਮਾਜ਼ ਜਨਾਜ਼ਾਹ ਹਜ਼ਰਤ ਅਲੀ ਨੇ ਪੜ੍ਹਾਈ । ਹਜ਼ਰਤ ਹਨਸ਼ ਬਿਨ ਮੁਅਤੱਰ ਬਿਆਨ ਕਰਦੇ ਹਨ ਕਿ ਜੱਦ ਹਜ਼ਰਤ ਸਹਲ ਬਿਨ ਹਨੀਫ਼ ਦੀ ਵਫ਼ਾਤ ਹੋਈ ਤਾਂ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਆਪ ਦੀ ਨਮਾਜ਼ ਜਨਾਜ਼ਾਹ ਪੜ੍ਹਾਉਣ ਲਈ ਆਏ । ਹਜ਼ਰਤ ਅਲੀ ਨੇ ਨਮਾਜ਼ ਵਿੱਚ ਛੇ ਤਕਬੀਰਾਂ ਆਖੀਆਂ । ਇਹ ਗੱਲ ਕੁਝ ਲੋਕਾਂ ਨੂੰ ਚੰਗੀ ਨਹੀਂ ਲੱਗੀ, ਇਸ'ਤੇ ਆਪ ਨੇ ਲੋਕਾਂ ਨੂੰ ਕਿਹਾ ਕਿ ਹਜ਼ਰਤ ਸਹਲ ਬਦਰੀ ਸਹਾਬੀ ਹਨ । ਜੱਦ ਇਹਨਾਂ ਦਾ ਜਨਾਜ਼ਾਹ ਜਬਾਨਾ ਦੇ ਸਥਾਨ ਉਪੱਰ ਪਹੁੰਚਿਆ ਤਾਂ ਹਜ਼ਰਤ ਕਰਜ਼ਹ ਬਿਨ ਕਾਅਬ ਆਪਣੇ ਕੁਝ ਸਾਥੀਆਂ ਨਾਲ ਸਾਨੂੰ ਮਿਲੇ ਉਹਨਾਂ ਦੇ ਹਜ਼ਰਤ ਅਲੀ ਦੀ ਸੇਵਾ ਵਿੱਚ ਅਰਜ਼ ਕੀਤੀ ਕਿ ਹੇ, ਅਮੀਰੁਲ ਮੋਮਿਨੀਨ ! ਅਸੀਂ ਸਹਲ ਦੀ ਨਮਾਜ਼ ਜਨਾਜ਼ਾਹ ਵਿੱਚ ਸ਼ਾਮਲ ਨਹੀਂ ਹੋ ਸਕੇ ਸਨ ਇਸ'ਤੇ ਹਜ਼ਰਤ ਅਲੀ ਨੇ ਉਹਨਾਂ ਨੂੰ ਆਪ ਦੀ ਨਮਾਜ਼ ਜਨਾਜ਼ਾਹ ਪੜ੍ਹਨ ਦੀ ਆਗਿਆ ਦਿੱਤੀ, ਸੋ, ਉਹਨਾਂ ਨੇ ਹਜ਼ਰਤ ਕਰਜ਼ਹ ਦੀ ਇਮਾਮਤ ਵਿੱਚ ਹਜ਼ਰਤ ਸਹਲ ਦੀ ਨਮਾਜ਼ ਜਨਾਜ਼ਾਹ ਪੜ੍ਹੀ ।

ਤੀਜੇ ਸਹਾਬੀ ਜਿੰਨ੍ਹਾ ਦਾ ਵਰਨਣ ਹੋਵੇਗਾ ਉਹ ਹਨ ਹਜ਼ਰਤ ਜਬੱਾਰ ਬਿਨ ਸਖ਼ਰ ਜੋ ਸਖ਼ਰ ਬਿਨ ਉਮਯੱਾ ਦੇ ਪੁਤੱਰ ਸਨ । ਹਜ਼ਰਤ ਜਬੱਾਰ ਸਤੱਰ ਅੰਸਾਰ ਦੇ ਨਾਲ ਬੈਅਤੇ ਉਕਬਾ ਸਾਨੀਆ ਵਿੱਚ ਸ਼ਾਮਲ ਹੋਏ । ਆਪ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਜਬੱਾਰ ਅਤੇ ਹਜ਼ਰਤ ਮਕਦਾਦ ਬਿਨ ਉਮਰੋ ਵਿਚਕਾਰ ਭਾਈਬੰਦੀ ਕਰਾਈ ਸੀ । ਬਦਰ ਦੀ ਜੰਗ ਸਮੇਂ ਇਹਨਾਂ ਦੀ ਉਮਰ 32 ਸਾਲ ਸੀ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਇਹਨਾਂ ਨੂੰ ਖ਼ਾਰਸ ਅਰਥਾਤ ਖਜੂਰਾਂ ਦੀ ਪੈਦਾਵਾਰ ਦਾ ਅਨੁਮਾਨ ਲਾਉਣ ਲਈ ਖ਼ੈਬਰ ਆਦਿ ਭੇਜਿਆ ਕਰਦੇ ਸਨ । ਇਹਨਾ ਦੀ ਵਫ਼ਾਤ ਹਜ਼ਰਤ ਉਸਮਾਨ ਦੀ ਖ਼ਿਲਾਫ਼ਤ ਸਮੇਂ 30 ਹਿਜਰੀ ਵਿੱਚ ਮਦੀਨੇ ਵਿੱਚ ਹੋਈ । ਵਫ਼ਾਤ ਸਮੇਂ ਇਹਨਾਂ ਦੀ ਉਮਰ 62 ਸਾਲ ਸੀ । ਹਜ਼ਰਤ ਜਬੱਾਰ ਬਦਰ, ਉਹਦ, ਖ਼ੰਦਕ ਅਤੇ ਸਾਰੀਆਂ ਜੰਗਾਂ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਸਾਲ ਸਨ ।

ਬਦਰ ਦੀ ਜੰਗ ਵਾਲੇ ਦਿਨ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਦੁਆ ਫ਼ਰਮਾਈ ਕਿ ( اللهم اکفنی نوفل ابن خویلد) ਕਿ ਹੇ, ਅਲੱਾਹ ! ਨੋਫ਼ਲ ਬਿਨ ਖ਼ਵੀਲ ਜੋ ਮੱਕੇ ਦੇ ਮੁਸ਼ਰਿਕਾਂ ਦਾ ਇਕ ਸਰਦਾਰ ਸੀ ਦੇ ਮੁਕਾਬਲੇ ਲਈ ਕਾਫ਼ੀ ਹੋ ਜਾ। ਰਿਵਾਇਤ ਵਿੱਚ ਆਉਂਦਾ ਹੈ ਕਿ ਹਜ਼ਰਤ ਜਬੱਾਰ ਬਿਨ ਸਖ਼ਰ ਨੇ ਉਸ ਨੂੰ ਕੈਦੀ

ਬਣਾਇਆ ਹੋਇਆ ਸੀ ਅਤੇ ਹਜ਼ਰਤ ਅਲੀ ਉਸ ਕੋਲ ਆਏ ਅਤੇ ਉਸਨੂੰ ਕਤਲ ਕਰ ਦਿੱਤਾ । ਫਿਰ ਆਪ ਸਲਲੱਾਹੁ ਅਲੈਹਿ ਵਸਲਮ ਨੇ ਪੁੱਛਿਆ ਕਿ ਕਿਸੇ ਨੂੰ ਨੋਫ਼ਲ ਦੀ ਕੁਝ ਖ਼ਬਰ ਹੈ, ਹਜ਼ਰਤ ਅਲੀ ਨੇ ਅਰਜ਼ ਕੀਤੀ ਕਿ ਮੈਂ ਉਸ ਨੂੰ ਕਤਲ ਕਰ ਦਿੱਤਾ ਹੈ ਅਤੇ ਇਸ'ਤੇ ਆਪ ਨੇ ਇਹ ਦੁਆ ਕੀਤੀ ਕਿ ਸਾਰੀਆਂ ਉਸਤਤੀਆਂ ਰੱਬ ਲਈ ਹੀ ਹਨ ਜਿਸ ਨੇ ਆਪਣੀ ਜਨਾਬ ਨਾਲ ਮੇਰੀ ਦੁਆ ਕੁਬੂਲ ਕੀਤੀ ।

ਫਿਰ ਇਕ ਰਿਵਾਇਤ ਵਿੱਚ ਆਉਂਦਾ ਹੈ ਕਿ ਜੱਦ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਮਦੀਨੇ ਹਿਜਰਤ ਕੀਤੀ ਤਾਂ ਹਰ ਵਿਅਕਤੀ ਦੀ ਇਛੱਾ ਸੀ ਕਿ ਆਪ ਸਲਲੱਾਹੁ ਅਲੈਹਿ ਵਸਲਮ ਉਸ ਦੇ ਘਰ ਠਹਿਰਣ । ਇਸ ਬਾਰੇ ਬਹੁਤ ਸਾਰੇ ਹਵਾਲੇ ਮਿਲਦੇ ਹਨ ਪਰ ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜਿੱਥੇ ਮੇਰੀ ਊਠਣੀ ਬੈਠੇਗੀ ਉੱਥੇ ਹੀ ਮੇਰਾ ਪੜਾਅ ਹੋਵੇਗਾ । ਊਠਣੀ ਮਦੀਨੇ ਦੀਆਂ ਗਲੀਆਂ ਵਿੱਚੋਂ ਲੰਘਦੀ ਹੋਈ ਉਸ ਥਾਂ ਬਹਿ ਗਈ ਜਿੱਥੇ ਮਸਜਿਦ ਨਬਵੀ ਦਾ ਦਰਵਾਜ਼ਾ ਹੈ । ਇਸ ਮੌਕੇ ਹਜ਼ਰਤ ਜਬੱਾਰ ਬਿਨ ਸਖ਼ਰ ਇਸ ਆਸ'ਤੇ ਕਿ ਊਠਣੀ ਬਨੂ ਸਲਮਾ ਦੇ ਮੁਹੱਲੇ ਵਿੱਚ ਜਾਕੇ ਠਹਿਰੇ ਉਸ ਨੂੰ ਉਠਾਉਣ ਦਾ ਜਤਨ ਕਰਨ ਲੱਗੇ ਪਰ ਉਹ ਨ ਉੱਠੀ ਅਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਹੇਠਾਂ ਉਤਰ ਆਏ ਅਤੇ ਫ਼ਰਮਾਇਆ ਕਿ ਇੰਸ਼ਾਅਲੱਾਹ ਇੱਥੇ ਹੀ ਸਾਡਾ ਕਯਾਮ (ਪੜਾਅ) ਹੋਵੇਗਾ ਅਤੇ ਆਪ ਨੇ ਇਹ ਆਇਤ ਦੀ ਤਲਾਵਤ ਕੀਤੀ ।

وَقُلْ رَّبِّ اَنْزِلْنِيْ مُنْزَلًا مُّبٰرَكًا وَّاَنْتَ خَيْرُ الْمُنْزِلِيْنَ

ਕਿ ਹੇ, ਮੇਰੇ ਰੱਬ! ਤੂੰ ਮੈਨੂੰ ਇਕ ਮੁਬਾਰਕ (ਪਵਿੱਤਰ) ਉਤਰਨ ਵਾਲੀ ਥਾਂ ਉਪੱਰ ਉਤਾਰ ਅਤੇ ਤੂੰ ਉਤਾਰਨ ਵਾਲਿਆਂ ਵਿੱਚੋਂ ਸਭ ਤੋਂ ਬਿਹਤਰ ਹੈਂ । ਫਿਰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਕੌਣ ਸਭ ਤੋਂ ਨੇੜੇ ਹੈ । ਹਜ਼ਰਤ ਅਬੂ ਅਯੁੱਬ ਅੰਸਾਰੀ ਨੇ ਅਰਜ਼ ਕੀਤੀ ਕਿ ਮੈਂ, ਹੇ ਰਸੂਲੁਲੱਾਹ! ਇਹ ਮੇਰਾ ਘਰ ਹੈ ਇਹ ਮੇਰਾ ਦਰਵਾਜ਼ਾ ਹੈ ਅਤੇ ਅਸੀਂ ਆਪ ਦਾ ਸਮਾਨ (ਊਠ ਦੀ ਕਾਠੀ ਆਦਿ) ਅੰਦਰ ਰੱਖ ਦਿੱਤਾ ਹੈ ਆਪ ਨੇ ਫ਼ਰਮਾਇਆ ਕਿ ਚਲੋ ਅਤੇ ਸਾਡੇ ਆਰਾਮ ਕਰਨ ਲਈ ਸਥਾਨ ਤਿਆਰ ਕਰੋ । ਸੋ, ਉਹ ਗਏ ਅਤੇ ਆਪ ਦੇ ਆਰਾਮ ਕਰਨ ਲਈ ਥਾਂ ਤਿਆਰ ਕੀਤੀ ।

ਇਕ ਦਿਨ ਸ਼ਾਅਸ ਬਿਨ ਕੈਸ ਜੋ ਮੁਸਲਮਾਨਾ ਨਾਲ ਸਖ਼ਤ ਦੁਸ਼ਮਣੀ ਰਖੱਦਾ ਸੀ । ਉਸ ਦਾ ਲਾਂਘਾ ਇਕ ਮੁਸਲਮਾਨਾ ਦੀ ਜਮਾਤ ਵਿੱਚੋਂ ਹੋਇਆ ਜੋ ਆਪੋ ਵਿੱਚ ਪਿਆਰ ਤੇ ਪ੍ਰੇਮ ਨਾਲ ਗਲੱਾਂ ਕਰ ਰਹੇ ਸਨ । ਮੁਸਲਮਾਨਾ ਦੇ ਆਪਸੀ ਪ੍ਰੇਮ ਤੇ ਸੁਲਾਹ ਨੂੰ ਦੇਖਕੇ ਕ੍ਰੋਧਤ ਹੋ ਗਿਆ । ਸ਼ਾਅਸ ਬਿਨ ਕੈਸ ਨੇ ਕਿਹਾ ਕਿ ਬਨੂ ਕੈਲਾ ਦੇ ਸਰਦਾਰ ਇਸ ਖੇਤਰ ਵਿੱਚ ਬੈਠੇ ਹਨ ਜੱਦ ਤੱਕ ਇਹਨਾਂ ਦੇ ਸਰਦਾਰ ਆਪਸ ਵਿੱਚ ਇਕੱਠੇ ਬੈਠੇ ਹਨ ਸਾਨੂੰ ਸ਼ਾਂਤੀ ਨਹੀਂ ਮਿਲ ਸਕਦੀ । ਉਸ ਨੇ ਇਕ ਯਹੂਦੀ ਜੁਆਨ ਨੂੰ ਜੋ ਉਸ ਦੇ ਨਾਲ ਸੀ ਇਸ ਕੰਮ'ਤੇ ਲਾਇਆ ਕਿ ਇਹਨਾ ਦ ਕੋਲ ਜਾਕੇ ਨਾਲ ਬੈਠੇ ਅਤੇ ਜੰਗੇ ਬਆਸ ਅਤੇ ਇਸ ਤੋਂ ਪਹਿਲਾਂ ਦੇ ਹਾਲਾਤ ਦੀ ਚਰਚਾ ਛੇੜੇ ਅਤੇ ਇਹਨਾਂ ਨੂੰ ਉਹ ਸ਼ੇਅਰ ਸੁਣਾਏ ਜੋ ਇਕ ਦੂਜੇ ਦੇ ਵਿਰੁਧ ਕਿਹਾ ਕਰਦੇ ਸਨ । ਸੋ, ਉਸ ਦੇ ਅਜਿਹਾ ਹੀ ਕੀਤਾ ਅਤੇ ਉਸ ਦੀ ਇਹ ਵਿਉਂਤ ਕੰਮ ਕਰ ਗਈ ਅਤੇ ਪ੍ਰੇਮ ਤੇ ਪਿਆਰ ਨਾਲ ਬੈਠੇ ਗਲੱਾਂ ਕਰਨ ਵਾਲੇ ਇਸ ਫ਼ਿਤਨੇ ਕਰਕੇ ਆਪੋ ਵਿੱਚ ਕੌੜੀਆਂ ਗਲੱਾਂ ਕਰਨ ਲੱਗੇ ਇੱਥੋਂ ਤੱਕ ਕਿ ਉਹਨਾਂ ਵਿੱਚੋਂ ਦੋ ਵਿਅਕਤੀ ਹਜ਼ਰਤ ਔਸ ਬਿਨ ਕੈਜ਼ੀ ਅਤੇ ਹਜ਼ਰਤ ਜਬੱਾਰ ਬਿਨ ਸਖ਼ਰ ਆਪੋ ਵਿੱਚ ਭਿੜ ਪਏ । ਇਹਨਾਂ ਵਿੱਚੋਂ ਇਕ ਨੇ ਦੂਜੇ ਨੂੰ ਕਿਹਾ ਕਿ ਜੇਕਰ ਤੁਸੀਂ ਚਾਹੋ ਤਾਂ ਜੰਗ ਦਾ ਅਰੰਭ ਕਰ ਦਿੰਦੇ ਹਾਂ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਤੱਕ ਇਸ ਦੀ ਖ਼ਬਰ ਪਹੁੰਚੀ ਤਾਂ ਆਪ ਔਸ ਅਤੇ ਖ਼ਜ਼ਰਜ

ਦੇ ਕੋਲ ਆਏ ਆਪ ਦੇ ਨਾਲ ਮੁਹਾਜਰ ਸਹਾਬਾ ਕਰਾਮ ਸਨ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ, ਹੇ, ਮੁਸਲਮਾਨਾਂ ਦੇ ਜੱਥਿਓ ਰੱਬ ਦਾ ਤਕਵਾ (ਸੰਜਮਤਾ) ਧਾਰਨ ਕਰੋ, ਰੱਬ ਦਾ ਤਕਵਾ ਧਾਰਨ ਕਰੋ । ਕੀ ਤੁਸੀਂ ਹੁਣ ਵੀ ਜਾਹਲਾਂ ਵਾਲੇ ਦਾਅਵੇ ਕਰਦੇ ਹੋ ਜੱਦ ਕਿ ਤੁਹਾਡੇ ਵਿਚਕਾਰ ਮੈਂ ਮੌਜੂਦ ਹਾਂ ਅਤੇ ਅਲੱਾਹ ਨੇ ਤੁਹਾਨੂੰ ਇਸਲਾਮ ਵੱਲ ਹਿਦਾਇਤ ਦੇ ਦਿੱਤੀ ਹੈ ਅਤੇ ਉਸ ਰਾਹੀਂ ਤੁਹਾਨੂੰ ਸਨਮਾਨ ਪ੍ਰਦਰਾਨ ਕੀਤਾ ਅਤੇ ਤੁਹਾਡੇ ਕੋਲੋਂ ਜਾਹਲਾਂ ਵਾਲਾ ਮਾਮਲਾ ਖ਼ਤਮ ਕਰ ਦਿਤੱਾ । ਸਹਾਬਾ ਕਰਾਮ ਨੂੰ ਪਤਾ ਲੱਗ ਗਿਆ ਕਿ ਇਹ ਸ਼ੈਤਾਨੀ ਵਸਵਸਾ ਹੈ ਅਤੇ ਉਹਨਾਂ ਦੇ ਦੁਸ਼ਮਣਾ ਦੀ ਚਾਲ ਹੈ ਸੋ, ਉਹਨਾਂ ਨੇ ਆਪਣੇ ਹੱਥਿਆਰ ਸੁੱਟ ਦਿੱਤੇ ਅਤੇ ਰੋਣ ਲੱਗੇ ਅਤੇ ਔਸ ਅਤੇ ਖ਼ਜ਼ਰਜ ਦੇ ਲੋਕ ਆਪੋ ਵਿੱਚ ਗਲੇ ਮਿਲਣ ਲੱਗੇ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਸਾਹਮਣੇ ਸਿਰ ਨੀਵਾਂ ਕੀਤੇ ਅਗਿਆਕਾਰੀ ਦਾ ਦਮ ਭਰਦੇ ਵਾਪਸ ਆ ਗਏ । ਅਲੱਾਹ ਤਆਲਾ ਨੇ ਉਹਨਾਂ ਦੇ ਦੁਸ਼ਮਣ ਸ਼ਾਅਸ ਬਿਨ ਕੈਸ ਦੀ ਲਾਈ ਹੋਈ ਅੱਗ ਨੂੰ ਠੰਡਾ ਕਰ ਦਿਤੱਾ ਸੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਬਹਿਰਹਾਲ ਇਹ ਹਾਲਤ ਸੀ ਇਹਨਾ ਸਹਾਬਾ ਕਰਾਮ ਦੀ । ਇਕ ਸਮੇਂ ਸ਼ੈਤਾਨ ਦੇ ਧੋਖੇ ਵਿੱਚ ਤਾਂ ਆ ਗਏ ਪਰ ਜੱਦ ਅਹਿਸਾਸ ਦੁਆਇਆ ਗਿਆ, ਜੱਦ ਆਂਹਜ਼ਰਤ ਸਲਲਾਹੁ ਅਲੈਹਿ ਵਸਲਮ ਨੇ ਉਹਨਾਂ ਨੂੰ ਦੱਸਿਆ ਕਿ ਕਿਉਂ ਜਹਾਲਤ ਵਿੱਚ ਵਾਪਸ ਪਰਤ ਰਹੇ ਹੋ ਤਾਂ ਝੱਟ ਸ਼ਰਮਿੰਦੀ ਪੈਦਾ ਹੋਈ ਅਤੇ ਸੁਲਾਹ ਲਈ ਕਦਮ ਵਧਾਇਆ ਸਗੋਂ ਪ੍ਰੇਮ ਤੇ ਭਾਈਚਾਰੇ ਦਾ ਪ੍ਰਗਟਾਵਾ ਕੀਤਾ । ਸੋ, ਇਹ ਸਨ ਨਮੂਨੇ । ਹੁਣ ਜੋ ਲੋਕ ਰਤਾ ਰਤਾ ਜਿਹੀਆਂ ਗਲੱਾਂ'ਤੇ ਝੂਠੀਆਂ ਅਣਖਾਂ ਤੇ ਅਹੰਕਾਰਾਂ ਵਿੱਚ ਗ੍ਰਿਸੇ ਜਾਂਦੇ ਹਨ ਉਹਨਾਂ ਲਈ ਵੀ ਇਕ ਮਹਾਨ ਚਰਿਤ੍ਰ ਹੈ ਇਹ । ਜੇਕਰ ਉਹ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਜੰਗਾ ਤੇ ਜੁੱਧ ਕਰਨ ਵਾਲੇ ਭਾਈ ਭਾਈ ਬਣ ਗਏ ਤਾਂ ਹੁਣ ਇਕ ਕਲਮਾ ਪੜ੍ਹਨ ਵਾਲੇ ਸਗੋਂ ਇਕ ਜਮਾਤ ਵਿੱਚ ਪੈਦਾ ਹੋਣ ਵਾਲੇ ਕਿਉਂ ਆਪਣੀਆਂ ਅਨਾਵਾਂ ਤੇ ਅਹੰਕਾਰਾਂ ਨੂੰ ਖ਼ਤਮ ਨਹੀਂ ਕਰ ਸਕਦੇ । ਬਹੁਤ ਸਾਰੇ ਮਾਮਲੇ ਅਜਿਹੇ ਆਉਂਦੇ ਹਨ ਜੋ ਝੂਠੀਆਂ ਅਨਾਵਾਂ ਅਹੰਕਾਰਾਂ ਕਰਕੇ ਰੰਜਸ਼ਾਂ (ਵੈਰ ਵਿਰੋਧ) ਦਾ ਸਬਬ ਹੁੰਦੇ ਹਨ । ਕਈ ਨੌਜੁਆਨ ਲਿਖੱਦੇ ਹਨ ਕਿ ਅਸੀਂ ਆਪਣੇ ਪਰਿਵਾਰਾਂ ਵਿੱਚ ਰਿਸ਼ਤੇ ਕਰਨਾ ਚਾਹੁੰਦੇ ਹਨ ਪਰ ਪਰਿਵਾਰਕ ਰੰਜਸ਼ਾਂ ਕਰਕੇ, ਵੱਡਿਆਂ ਕਰਕੇ ਉਹ ਰਿਸ਼ਤੇ ਕਾਇਮ ਨਹੀਂ ਹੁੰਦੇ । ਸੋ, ਉਹਨਾਂ ਲੋਕਾਂ ਨੂੰ ਅਕਲ ਕਰਨੀ ਚਾਹੀਦੀ ਹੈ ਕਿ ਇਹੋ ਜੋ ਰੱਬ ਨੇ ਪ੍ਰੇਮ ਤੇ ਪਿਆਰ ਦੀ ਸਿੱਖਿਆ ਦਿੱਤੀ ਹੈ, ਏਕਤਾ ਦੀ ਤਾਲੀਮ ਦਿੱਤੀ ਹੈ ਇਕ ਕੌਮ ਬਣਾਇਆ ਹੈ, ਸਾਨੂੰ ਇਕ ਕੌਮ ਬਣਕੇ ਰਹਿਣਾ ਚਾਹੀਦਾ ਹੈ ਅਤੇ ਝੂਠੀਆਂ ਅਨਾਵਾਂ ਤੇ ਅਹੰਕਾਰਾਂ ਵਿੱਚ ਮੁੜ੍ਹ ਡੁਬਣਾ ਨਹੀਂ ਚਾਹੀਦਾ । ਅਲੱਾਹ ਤਆਲਾ ਸਾਰਿਆਂ ਨੂੰ ਅਕਲ ਦੇਵੇ ।

**Khulasa Khutba Jumma 24.08.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131